ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਐਸ.ਏ.ਐਸ. ਨਗਰ

ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ

(ਦਫਤਰੀ ਅਮਲਾ ਸ਼ਾਖਾ)

ਵੈਬਸਾਈਟ ਰਾਹੀਂ

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ

1. ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)
2. ਸਮੂਹ ਪ੍ਰਿੰਸੀਪਲ ਡਾਇਟ।
3. ਸਮੂਹ ਬੀ.ਪੀ.ਈ.ਓਜ਼.।

ਮੀਮੋ ਨੰ: ਈ-257546/ਦਅ(1)/2024/31954

ਮਿਤੀ: 03-12-2024

ਵਿਸ਼ਾ:- ਪੰਜਾਬ ਸਿੱਖਿਆ ਵਿਭਾਗ ਅਧੀਨ ਕੰਮ ਕਰਦੇ ਤਰਸ ਦੇ ਆਧਾਰ ਤੇ ਨਿਯੁਕਤ ਕੀਤੇ ਕਲਰਕਾਂ ਦਾ ਅਕਤੂਬਰ,2024 ਵਿੱਚ ਲਏ ਟਾਈਪ ਟੈਸਟ ਦੇ ਨਤੀਜੇ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਪੰਜਾਬ ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ/ਸੰਸਥਾਵਾਂ/ਸਕੂਲਾਂ ਵਿੱਚ ਤਰਸ ਦੇ ਆਧਾਰ ਤੇ ਨਿਯੁਕਤ ਹੋਏ ਕਲਰਕਾਂ ਦਾ ਪੰਜਾਬੀ ਅਤੇ ਅੰਗਰੇਜ਼ੀ ਟਾਈਪ ਟੈਸਟ ਅਕਤੂਬਰ,2024 ਵਿੱਚ ਦਫਤਰ ਭਾਸ਼ਾ ਵਿਭਾਗ, ਪੰਜਾਬ, ਦੇ ਵੱਖ ਵੱਖ ਕੋਆਰਡੀਨੇਟਰ ਜ਼ਿਲ੍ਹਿਆਂ ਵੱਲੋਂ ਲਿਆ ਗਿਆ ਸੀ।

2.0 ਦਫਤਰ ਭਾਸ਼ਾ ਵਿਭਾਗ, ਪੰਜਾਬ ਦੇ ਵੱਖ ਵੱਖ ਕੋਆਰਡੀਨੇਟਰ ਜ਼ਿਲ੍ਹਿਆਂ ਵੱਲੋਂ ਲਏ ਗਏ ਟਾਈਪ ਟੈਸਟ ਦੇ ਭੇਜੇ ਗਏ ਨਤੀਜੇ ਅਨੁਸਾਰ ਸਮੂਹ ਕਰਮਚਾਰੀਆਂ ਦਾ ਨਤੀਜਾ ਇਕੱਠਾ ਕਰਕੇ ਵਿਭਾਗ ਵੱਲੋਂ ਨਾਲ ਨੱਥੀ ਅਨੁਲੱਗ-1 (ਪੰਨਾ ਨੰ:1 ਤੋਂ 6) ਅਨੁਸਾਰ ਘੋਸ਼ਿਤ ਕੀਤਾ ਜਾਂਦਾ ਹੈ। ਇਹ ਨਤੀਜਾ ਵਿਭਾਗ ਦੀ ਵੈਬਸਾਈਟ http://www.ssapunjab.org ਤੇ ਅਪਲੋਡ ਕੀਤਾ ਜਾ ਰਿਹਾ ਹੈ। ਆਪਣੇ ਅਧੀਨ ਦਫਤਰਾਂ/ਸੰਸਥਾਵਾਂ/ਸਕੂਲਾਂ ਵਿੱਚ ਕੰਮ ਕਰਦੇ ਸਬੰਧਤ ਕਰਮਚਾਰੀਆਂ/ਡੀ.ਡੀ.ਓਜ਼ ਨੂੰ ਇਹ ਨਤੀਜਾ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ।

3.0 ਇਸ ਤੋਂ ਇਲਾਵਾ ਜਾਰੀ ਗਏ ਨਤੀਜੇ ਵਿੱਚ ਜਿਨ੍ਹਾਂ ਕਰਮਚਾਰੀਆਂ ਦਾ ਨਤੀਜਾ ਫੇਲ੍ਹ ਹੈ, ਉਨ੍ਹਾਂ ਕਰਮਚਾਰੀਆਂ ਨੂੰ ਟਾਈਪ ਟੈਸਟ ਦੇਣ ਸਬੰਧੀ ਇਕ ਹੋਰ ਮੌਕਾ ਦਿੱਤਾ ਜਾ ਰਿਹਾ ਹੈ। ਭਾਸ਼ਾ ਵਿਭਾਗ ਵੱਲੋਂ ਜਨਵਰੀ, 2025 ਵਿੱਚ ਟਾਈਪ ਟੈਸਟ ਲਿਆ ਜਾਣਾ ਹੈ। ਇਸ ਮੰਤਵ ਲਈ ਤਰਸ ਦੇ ਆਧਾਰ ਤੇ ਨਿਯੁਕਤ ਹੋਏ ਕਲਰਕਾਂ (ਉਮੀਦਵਾਰ ਜੋ ਫੇਲ੍ਹ ਹੋ ਗਏ ਹਨ ਜਾਂ ਨਵੇਂ ਕਰਮਚਾਰੀ ਜੋ ਟਾਈਪ ਟੈਸਟ ਦੇਣ ਦੇ ਚਾਹਵਾਨ ਹੋਣ) ਦੇ ਨਾਂ ਇਸ ਦਫਤਰ ਨੂੰ ਮਿਤੀ 05-12-24 ਤੱਕ ਭੇਜੇ ਜਾਣ ਤਾਂ ਜੋ ਕਰਮਚਾਰੀਆਂ ਦੇ ਨਾਂ ਭਾਸ਼ਾ ਵਿਭਾਗ ਨੂੰ ਸਮੇਂ ਸਿਰ ਭੇਜੇ ਜਾ ਸਕਣ। ਦਫਤਰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਜਨਵਰੀ, 2025 ਵਿੱਚ ਲਏ ਜਾਣ ਵਾਲੇ ਟਾਈਪ ਟੈਸਟ ਦੀ ਮਿਤੀ ਸਬੰਧੀ ਆਪ ਨੂੰ ਬਾਅਦ ਵਿੱਚ ਸੂਚਿਤ ਕਰ ਦਿੱਤਾ ਜਾਵੇਗਾ।

ਨੱਥੀ- ਅਨੁਲੱਗ-1 (ਪੰਨਾ ਨੰ. 1 ਤੋਂ 6)

ਸਹਾਇਕ ਡਾਇਰੈਕਟਰ (ਦ.ਅ)

## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: ਅ-4/1( )2024/468 ਮਿਤੀ 4.12.2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ,ਸਰਕਾਰੀ ਕਾਲਜ, ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ, ਜਿਲਾ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਟਾਈਪ ਟੈਸਟ ਦੇ ਚਾਹਵਾਨ ਤਰਸ ਦੇ ਆਧਾਰ ਤੇ ਨਿਯੁਕਤ ਕਰਮਚਾਰੀ ਦੇ ਨਾਮ ਈਮੇਲ ਆਈ ਡੀ gurmailkaur870@gmail.com ਤੇ ਭੇਜੀ ਜਾਵੇ।

ਜਿਲਾ ਸਿਖਿਆ ਅਫਸਰ (ਸੈ ਸਿ)
ਬਠਿੰਡਾ